BC Centre for Disease Control
*An Agency of the Provincial Health Services Authority*

# Metronidazole Treatment
# Metronidazole (ਮੈਟ੍ਰੋਨਾਇਡਾਜ਼ੋਲ) ਰਾਹੀਂ ਕੀਤਾ ਜਾਣ ਵਾਲਾ ਇਲਾਜ

Metronidazole ਮੂੰਹ ਰਾਹੀਂ ਖਾਧਾ ਜਾਣ ਵਾਲਾ ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਹੜਾ ਬੈਕਟੀਰੀਅਲ ਵਜਾਈਨੋਸਿਸ (ਯੋਨੀ 'ਤੇ ਰੋਗਾਣੂਆਂ ਕਾਰਣ ਹੋਈ ਇਨਫ਼ੈਕਸ਼ਨ) ਜਾਂ ਸੰਭੋਗ ਕਾਰਣ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

**Allergies**
**ਐਲਰਜੀਆਂ**

- ਜੇ ਤੁਹਾਨੂੰ Metronidazole (Flagyl®) ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।

**Pregnancy/Breastfeeding**
**ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ**

- Metronidazole ਦੀ ਵਰਤੋਂ ਗਰਭ ਅਵਸਥਾ ਦੀ ਪਹਿਲੀ ਤਿਮਾਹੀ (ਪਹਿਲੇ ਤਿੰਨ ਮਹੀਨੇ) ਦੌਰਾਨ ਨਹੀਂ ਕੀਤੀ ਜਾਣੀ ਚਾਹੀਦੀ ਪਰ ਹੋ ਸਕਦਾ ਹੈ ਕਿ ਗਰਭ ਅਵਸਥਾ ਦੀ ਦੂਜੀ ਅਤੇ ਤੀਜੀ ਤਿਮਾਹੀ ਦੌਰਾਨ ਇਸ ਦੀ ਵਰਤੋਂ ਕੀਤੀ ਜਾ ਸਕੇ।
- ਬੱਚੇ ਨੂੰ ਆਪਣਾ ਦੁੱਧ ਪਿਲਾਉਣ ਸਮੇਂ ਸੰਭਵ ਹੈ ਕਿ Metronidazole ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾ ਸਕੇ। ਕਿਰਪਾ ਕਰਕੇ ਆਪਣੇ ਡਾਕਟਰ ਨਾਲ ਸੰਪਰਕ ਕਰੋ ਜੀ।
- 2 ਗ੍ਰਾਮ ਦੀ ਇੱਕ ਖ਼ੁਰਾਕ ਲੈਣ ਤੋਂ ਬਾਅਦ 12-24 ਘੰਟੇ ਬੱਚੇ ਨੂੰ ਆਪਣਾ ਦੁੱਧ ਨਾ ਪਿਲਾਓ ਤਾਂ ਕਿ ਉਦੋਂ ਤਕ ਦਵਾਈ ਨੂੰ ਤੁਹਾਡੇ ਸਰੀਰ 'ਚੋਂ ਨਿਕਲਣ ਦਾ ਸਮਾਂ ਮਿਲ ਸਕੇ।

**CAUTION**
**ਸਾਵਧਾਨ**

- ਅਣਸੁਖਾਵੇਂ ਪ੍ਰਭਾਵਾਂ (ਤਰੇਲੀਆਂ ਆਉਣੀਆਂ, ਸਿਰ ਦਰਦ, ਉਲਟੀਆਂ, ਕੜਵੱਲ ਪੈਣੀ ਅਤੇ ਪਸੀਨਾ ਆਉਣਾ) ਦੀ ਰੋਕਥਾਮ ਲਈ ਇਲਾਜ ਦੌਰਾਨ ਅਤੇ ਦਵਾਈ ਲੈਣ ਦੇ 48-72 ਘੰਟਿਆਂ ਤਕ ਸ਼ਰਾਬ ਜਾਂ ਐਲਕੋਹੋਲ ਵਾਲੀਆਂ ਦਵਾਈਆਂ (ਉਦਾਹਰਣ ਵਜੋਂ Nyquil®) ਨਾ ਲਓ।
- **ਮਿਹਰਬਾਨੀ ਕਰਕੇ ਨੋਟ ਕਰੋ ਕਿ ਇੰਟ੍ਰਾਵੈਨਸ (ਅੰਤਰ-ਨਸੀ) ਦਵਾਈਆਂ ਇਸ ਦਸਤਾਵੇਜ਼ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਇੰਟ੍ਰਾਵੈਨਸ ਰਾਹੀਂ ਕੋਈ ਦਵਾਈਆਂ ਲੈ ਰਹੇ ਹੋ, ਤਾਂ ਮਿਹਰਬਾਨੀ ਕਰਕੇ ਆਪਣੇ ਸਿਹਤ ਪ੍ਰੈਕਟੀਸ਼ਨਰ (ਪੇਸ਼ਾਵਰ) ਨੂੰ ਦੱਸ ਦੇਵੋ।**
- **ਤੁਸੀਂ Metronidazole ਨਾਲ ਹੇਠ ਲਿਖੀਆਂ ਦਵਾਈਆਂ ਨਹੀਂ ਲੈ ਸਕਦੇ:**
  - **ਡਾਇਸੁਲਫ਼ੀਰਮ** (Antabuse®)**,**
  - **ਐੱਚ.ਆਈ.ਵੀ. ਦੀਆਂ ਦਵਾਈਆਂ:** Amprenavir (Agenerase®) **ਮੂੰਹ ਰਾਹੀਂ ਪੀਣ ਵਾਲਾ ਘੋਲ,** Lopinavir/Ritonavir (Kaletra®) **ਮੂੰਹ ਰਾਹੀਂ ਪੀਣ ਵਾਲਾ ਘੋਲ;** Ritonavir (Norvir®) **ਮੂੰਹ ਰਾਹੀਂ ਪੀਣ ਵਾਲਾ ਘੋਲ;** Tipranavir (Aptivus®) **ਕੈਪਸੂਲ**
  - **ਮੁਬੈਂਡਾਜ਼ੋਲ** (Vermox®)
  - **ਮਾਈਗ੍ਰੇਨ:** Dihydroergotamine (Migranol®), Ergotamine (Cafergot®)
  - **ਮੂੰਹ ਰਾਹੀਂ ਖਾਧੀ ਜਾਣ ਵਾਲੀ ਟਾਈਫ਼ਾਈਡ (ਮਿਆਦੀ ਬੁਖ਼ਾਰ) ਵੈਕਸੀਨ (**Vivotif®**)**

**Tell your doctor if you are taking the following medications**
**ਜੇ ਤੁਸੀਂ ਹੇਠ ਲਿਖੀਆਂ ਦਵਾਈਆਂ ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ**

- **ਐਂਟੀਕੋਐਗੂਲੈਂਟਸ (ਗਤਲਿਆਂ ਵਿਰੋਧੀ):** Warfarin (Coumadin®)
- **ਐਂਟੀਕਨਵਲਸੈਂਟਸ (ਦੌਰਾ ਪੈਣ ਵਿਰੋਧੀ):** Carbamazepine (Tegretol®), Phenytoin (Dilantin®)
- **ਬਾਰਬਿਚੂਏਟਸ (ਕੇਂਦਰੀ ਤੰਤੂ-ਪ੍ਰਬੰਧ ਨੂੰ ਸ਼ਾਤ ਕਰਨ ਵਾਲੀਆਂ ਦਵਾਈਆਂ):** Phenobarbital (Donnatal®) Secobarbital (Seconal®) Estrogens/Progestrogens
- **ਗਰਭ ਨਿਰੋਧਕ ਗੋਲ਼ੀਆਂ** Estrogens/Progestrogens **(ਐਸਟ੍ਰੋਜਨ/ਪ੍ਰੋਜੈਸਟੋਜੈਨ)**
- **ਕੈਂਸਰ ਕੀਮੋਥੈਰੇਪੀ:** Busulfan (Myleran®) Fluoruracil
- **ਹਿਰਦੈ ਰੋਗ ਸੰਬੰਧੀ ਦਵਾਈਆਂ:** Amiodarone (Cordarone®)
- **ਇਮਿਊਨੋਸਪਰੈੱਸੈਂਟਸ (ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਕੁਦਰਤੀ ਪ੍ਰਣਾਲੀ ਨੂੰ ਦਬਾਉਣ ਵਾਲੀਆਂ ਦਵਾਈਆਂ):** Cyclosporine (Neoral®), Mycophenolate Mofetil (CellCept®), Tacrolimus (Prograf®, Protopic®)
- **ਮਨੋਰੋਗ ਸੰਬੰਧੀ:** Lithium (Lithobid®)
- **ਪੇਟ ਵਿੱਚ ਖਟਾਈ ਘਟਾਉਣ ਵਾਲੀਆਂ ਦਵਾਈਆਂ:** Cimetidine (Tagamet®)
- **ਹੋਰ:** Cholestyramine resin (Questran®)



BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4
Tel 604 707 5600
Fax 604 707 5604
www.bccdc.ca
www.STDResource.com
*A research and teaching centre affiliated with UBC*

# **Metronidazole Treatment** (cont'd)
# **Metronidazole (ਮੈਟ੍ਰੋਨਿਡੈਜ਼ੋਲ) ਰਾਹੀਂ ਕੀਤਾ ਜਾਣ ਵਾਲਾ ਇਲਾਜ** (ਚਲਦਾ)

### Side Effects
### ਮਾੜੇ ਪ੍ਰਭਾਵ

- ਤੁਹਾਨੂੰ ਟੱਟੀਆਂ ਲੱਗ ਸਕਦੀਆਂ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਪੀੜ ਹੋ ਸਕਦੀ ਹੈ, ਉਲਟੀਆਂ ਲਗ ਸਕਦੀਆਂ ਹਨ, ਬਦਹਜ਼ਮੀ ਹੋ ਸਕਦੀ ਹੈ, ਮੂੰਹ ਵਿੱਚ ਅਣਸੁਖਾਵਾਂ ਧਾਤ ਵਰਗਾ ਸਵਾਦ ਆ ਸਕਦਾ ਹੈ ਜਾਂ ਚੱਕਰ ਆ ਸਕਦੇ ਹਨ।

### Instructions for Taking
### ਦਵਾਈ ਲੈਣ ਸੰਬੰਧੀ ਹਿਦਾਇਤਾਂ

- ਪੇਟ ਵਿੱਚ ਹੋਈ ਗੜਬੜ ਨੂੰ ਘਟਾਉਣ ਲਈ Metronidazole ਨੂੰ ਭੋਜਨ ਦੇ ਨਾਲ ਲਿਆ ਜਾ ਸਕਦਾ ਹੈ।

### Storage Instructions
### ਰੱਖਣ ਸੰਬੰਧੀ ਹਿਦਾਇਤਾਂ

- 15-30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਗਰਮੀ ਅਤੇ ਨਮੀ ਤੋਂ ਸੁਰੱਖਿਅਤ ਰੱਖੋ।
- ਮਿਆਦ ਖ਼ਤਮ ਹੋਣ ਦੀ ਪ੍ਰਿੰਟ ਕੀਤੀ ਹੋਈ ਤਾਰੀਖ਼ ਤੋਂ ਬਾਅਦ ਦਵਾਈਆਂ ਦੀ ਵਰਤੋਂ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

### Special Instructions for Treatment of Trichomoniasis
### ਟ੍ਰਿਕੋਮੋਨਾਇਆਸਿਸ (ਸੰਭੋਗ ਕਾਰਣ ਯੌਨੀ ਵਿੱਚ ਹੋਣ ਵਾਲੀ ਇਨਫ਼ੈਕਸ਼ਨ) ਸੰਬੰਧੀ ਵਿਸ਼ੇਸ਼ ਹਿਦਾਇਤਾਂ

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਡੇ 1-ਦਿਨਾ ਟ੍ਰੀਟਮੈਂਟ ਨੂੰ ਇੱਕ ਹਫ਼ਤਾ ਪੂਰਾ ਨਹੀਂ ਹੋ ਜਾਂਦਾ; ਜਾਂ
  - ਤੁਹਾਡਾ 7-ਦਿਨ ਚੱਲਣ ਵਾਲਾ ਇਲਾਜ ਪੂਰਾ ਨਹੀਂ ਹੋ ਜਾਂਦਾ, ਅਤੇ
  - ਤੁਹਾਡੇ ਸੰਭੋਗ ਸਾਥੀ(ਆਂ) ਦਾ ਇਲਾਜ ਵੀ ਨਹੀਂ ਹੋ ਜਾਂਦਾ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹਪੱਖੀ ਹੀ ਹੋਣ।
- ਤੁਹਾਨੂੰ ਸਿਹਤ ਸੰਭਾਲ ਸੇਵਾ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਸੂਚਿਤ ਕਰੋ ਜੇ:
  - ਤੁਸੀਂ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕੀਤਾ ਹੈ ਜਿਸ ਦਾ ਇਲਾਜ ਨਹੀਂ ਹੋਇਆ ਸੀ ਜਾਂ
  - ਤੁਸੀਂ ਆਪਣਾ ਜਾਂ ਆਪਣੇ ਸਾਥੀ(ਆਂ) ਦਾ ਇਲਾਜ ਪੂਰਾ ਹੋਣ ਤੋਂ ਪਹਿਲਾਂ ਸੰਭੋਗ ਕੀਤਾ ਹੈ।
- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਵਾਧੂ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ਼੍ਰੈਗਮ) ਵਰਤੋ।

### Test of Cure
### ਇਲਾਜ ਦੀ ਜਾਂਚ

- ਜੇ ਇਸ ਦੀ ਵਰਤੋਂ ਟ੍ਰਿਕੋਮੋਨਾਇਆਸਿਸ ਦੇ ਇਲਾਜ ਲਈ ਕੀਤੀ ਗਈ ਹੋਵੇ ਤਾਂ ਆਪਣਾ ਟ੍ਰੀਟਮੈਂਟ ਪੂਰਾ ਕਰਵਾਉਣ ਤੋਂ ਸੱਤ ਦਿਨ ਬਾਅਦ ਇੱਕ ਹੋਰ ਟੈਸਟ ਕਰਵਾਓ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਹੈਲਥ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਸੰਪਰਕ ਜਾਣਕਾਰੀ ਦੇਖੋ।




BC Centre for Disease Control
STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.STDResource.com



*A research and teaching centre affiliated with UBC*